# ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ), ਪੰਜਾਬ


ਪੰਜਾਬ ਸਟੇਟ ਮਿਡ-ਡੇ-ਮੀਲ ਸੋਸਾਇਟੀ

ਪੰਜਾਬ ਸਕੂਲ ਐਜੂਕੇਸ਼ਨ ਬੋਰਡ ਕੰਪਲੈਕਸ, ਪੰਜਵੀਂ ਮੰਜ਼ਿਲ, ਜਿਲ੍ਹਾਂ ਐੱਸ.ਏ.ਐੱਸ ਨਗਰ, (ਮੋਹਾਲੀ)

ਫੋਨ ਨੰ: 0172-2210019, ਈ-ਮੇਲ:- mdmpunjab@punjabeducation.gov.in,


ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ),
ਸਮੂਹ ਸਕੂਲ ਮੁੱਖੀ (ਵੈਬਸਾਈਟ ਅਤੇ ਨੋਟਿਸ ਬੋਰਡ ਰਾਂਹੀ)
ਸਿੱਖਿਆ ਵਿਭਾਗ
ਪੰਜਾਬ।

ਅਤਿ ਜਰੂਰੀ

ਮੀਮੋ ਨੰ: ਐਮ.ਡੀ.ਐਮ.ਐੱਸ/ਜੀ.ਐਮ/231733/2022/ 25117

ਮਿਤੀ, ਮੋਹਾਲੀ 31/01/2022

ਵਿਸ਼ਾ:- ਮਿਡ ਡੇ ਮੀਲ ਸਕੀਮ ਅਧੀਨ ਕੁੱਕਿੰਗ ਕੋਸਟ ਦੇ ਫੰਡਾ ਦੀ ਵਰਤੋ ਕਰਨ ਸਬੰਧੀ।

ਉਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਡ ਡੇ ਮੀਲ ਸਕੀਮ ਅਧੀਨ SNA (Single Nodal Account) ਸਿਸਟਮ ਲਾਗੂ ਕਰ ਦਿੱਤਾ ਗਿਆ ਹੈ ਅਤੇ PFMS Portal ਰਾਂਹੀ ਸਕੂਲਾਂ ਨੂੰ ਰਜਿਸਟਰ ਕਰਕੇ ਬਲਾਕਾਂ ਵੱਲੋ ਸਕੂਲਾਂ ਲਈ ਕੁੱਕਿੰਗ ਕੋਸਟ ਦੇ ਫੰਡਾਂ ਸਬੰਧੀ ਲਿਮਟਾਂ ਫਿਕਸ ਕਰ ਦਿੱਤੀਆਂ ਗਈਆ ਹਨ।

ਜਾਰੀ ਫੰਡਾਂ ਦੀ ਲਿਮਟ/ਰਾਸ਼ੀ ਦੀ ਵਰਤੋ ਸਕੂਲ ਵੱਲੋ Operator ਅਤੇ Approver ਦੇ IDs ਰਾਂਹੀ ਕੀਤੀ ਜਾ ਸਕਦੀ ਹੈ ਅਤੇ ਜਿੰਨੀ ਲਿਮਟ ਆਪ ਦੇ ਸਕੂਲ ਲਈ ਫਿਕਸ ਕੀਤੀ ਗਈ ਹੈ ਉਸ ਸਬੰਧੀ ਵੇਰਵੇ ਬਲਾਕ ਨਾਲ ਰਾਬਤਾ ਕਾਇਮ ਕਰਦੇ ਹੋਏ ਲਏ ਜਾ ਸਕਦੇ ਹਨ ਅਤੇ PFMS ਸਿਸਟਮ ਰਾਂਹੀ Venders ਨੂੰ ਰਜਿਸਟਰ ਕਰਕੇ ਸਿੱਧੇ ਤੋਰ ਤੇ ਅਦਾਇਗੀਆਂ ਕੀਤੀਆਂ ਜਾਣ, ਇੱਥੇ ਇਹ ਦੱਸਣਯੋਗ ਹੈ ਕਿ ਸਮੂਹ ਸਕੂਲਾਂ ਵੱਲੋ ਕੈਸ਼ ਬੁੱਕ, ਪੇਮਟ ਫਾਈਲ ਅਤੇ ਹੋਰ ਸਬੰਧਤ ਰਿਕਾਰਡ ਆਦਿ ਪਹਿਲਾਂ ਦੀ ਤਰਾਂ ਹੀ ਮੈਨਟੇਨ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ, ਜੇਕਰ ਫਿਰ ਵੀ ਇਸ ਸਬੰਧੀ ਕਿਸੇ ਨੂੰ ਸਮੱਸਿਆ ਆ ਰਹੀ ਹੈ ਤਾਂ ਜਿਲ੍ਹਾ ਪੱਧਰ ਨਾਲ ਰਾਬਤਾ ਕਾਇਮ ਕੀਤਾ ਜਾਵੇ।

ਇੱਥੇ ਇਹ ਦੱਸਣਯੋਗ ਹੈ ਕਿ ਮਿਡ ਡੇ ਮੀਲ ਦੀਆਂ ਸਾਰੀਆਂ ਅਦਾਇਗੀਆਂ ਹੁਣ ਕੇਵਲ PFMS ਪੋਰਟਲ ਰਾਂਹੀ ਹੀ ਕੀਤੀਆਂ ਜਾ ਸਕਦੀਆਂ ਹਨ, ਇਸ ਲਈ ਆਪਣੇ ਸਕੂਲ ਨਾਲ ਸਬੰਧਤ ਪੁਰਾਣੇ ਮਿਡ ਡੇ ਮੀਲ ਬੈਂਕ ਖਾਤੇ ਬੰਦ ਕਰ ਦਿੱਤੇ ਜਾਣ ਅਤੇ ਉਸ ਵਿੱਚ ਉਪਲੱਬਧ ਰਾਸ਼ੀ ਨੂੰ ਆਪਣੇ ਸਬੰਧਤ ਬਲਾਕ ਦੇ ਮਿਡ ਡੇ ਮੀਲ ਬੈਂਕ ਖਾਤੇ ਵਿੱਚ ਜਮਾਂ ਕਰਵਾਉਂਦੇ ਹੋਏ ਨੱਥੀ ਪ੍ਰੋਫਾਰਮੇ (PROFORMA-A) ਅਨੁਸਾਰ ਵੇਰਵੇ ਦਰਜ ਕਰਦੇ ਹੋਏ ਬਲਾਕ ਪੱਧਰ ਨੂੰ ਸੂਚਿਤ ਕੀਤਾ ਜਾਵੇ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ,
ਪੰਜਾਬ।

ਪਿ.ਅੰ.ਨੰ. ਐਮ.ਡੀ.ਐਮ.ਐੱਸ/ਜੀ.ਐਮ/231733/2022/25118 ਮਿਤੀ: 31/01/2022

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਕੀਤਾ ਜਾਂਦਾ ਹੈ:-

(1) ਸਮੂਹ ਉਪ-ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।

(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਜ਼, ਪੰਜਾਬ ਨੂੰ ਸਮੂਹ ਸਕੂਲਾਂ ਤੋ ਨੱਥੀ ਪ੍ਰੋਫਾਰਮੇ ਅਨੁਸਾਰ ਸੂਚਨਾ ਕਰਨ ਉਪਰੰਤ ਫੰਡਾਂ ਨੂੰ ਜਿਲ੍ਹਾ ਦਫਤਰ ਦੇ ਪੁਰਾਣੇ ਬੈਂਕ ਖਾਤੇ ਵਿੱਚ ਜਮਾ ਕਰਵਾਉਣ ਹਿੱਤ ਲਿਖਿਆ ਜਾਂਦਾ ਹੈ।

(3) ਸਮੂਹ ਜਿਲ੍ਹਾ ਲੇਖਾਕਾਰ, ਮਿਡ ਡੇ ਮੀਲ/ ਜਿਲ੍ਹਾ ਮਿਡ ਡੇ ਮੀਲ ਇੰਚਾਰਜ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਬਲਾਕਾਂ ਤੋ ਜਦੋ ਰਾਸ਼ੀ ਉਹਨਾਂ ਦੇ ਪੁਰਾਣੇ ਬੈਂਕ ਖਾਤਿਆਂ ਵਿੱਚ ਆ ਜਾਵੇ ਤਾਂ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ।

(4) ਸਮੂਹ ਸਹਾਇਕ ਬਲਾਕ ਮੈਨੇਜਰਜ਼, ਮਿਡ ਡੇ ਮੀਲ/ ਬਲਾਕ ਮਿਡ ਡੇ ਮੀਲ ਇੰਚਾਰਜਿੰਸ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਮੂਹ ਸਕੂਲਾਂ ਨੂੰ ਤੁਰੰਤ Operator ਅਤੇ Approver ਦੇ IDs ਦਿੱਤੇ ਜਾਣ ਅਤੇ ਪੇਮੈਂਟ ਨੂੰ ਪ੍ਰੋਸੈਸ ਕਰਨ ਹਿੱਤ ਟਰੇਨਿੰਗ ਵੀ ਦੇਣੀ ਯਕੀਨੀ ਬਣਾਈ ਜਾਵੇ।

ਪ੍ਰਭਜੋਤ ਸਿੰਘ.

ਜਨਰਲ ਮੈਨੇਜਰ

## PROFORMA- A

ਸਕੂਲ ਦਾ ਨਾਂ : ---

ਬਲਾਕ ਦਾ ਨਾਂ:--

**ਮਿਡ ਡੇ ਮੀਲ ਦੇ ਫੰਡਾਂ ਦੀ ਬਕਾਇਆ ਰਾਸ਼ੀ (ਜੇਕਰ ਕੋਈ ਹੈ ਤਾਂ)**

| ਲੜੀ ਨੰ | ਹੈੱਡ ਦਾ ਨਾਂ | ਰਾਸ਼ੀ (ਰੁਪਇਆ ਵਿੱਚ) |
|---|---|---|
| 1 | ਕੁੱਕਿੰਗ ਕੋਸਟ | |
| 2 | ਕੁੱਕਾਂ ਦਾ ਮਿਹਨਤਾਨਾ | |
| 3 | ਕਿਚਨ ਸੈੱਡ ਦੀ ਰਾਸ਼ੀ | |
| 4 | ਬਾਰਦਾਨੇ ਦੀ ਰਾਸ਼ੀ | |
| 5 | ਕਿਚਨ ਡਿਵਾਇਸਿਸ ਦੀ ਰਾਸ਼ੀ | |
| 6 | ਵਿਆਜ ਦੀ ਰਾਸ਼ੀ | |
| 7 | ਕੋਈ ਹੋਰ | |
| | ਕੁੱਲ ਰਾਸ਼ੀ | 0 |

ਸਕੂਲ ਮੁੱਖੀ ਦੇ ਹਸਤਾਖਰ ਅਤੇ ਮੋਹਰ